# ਗੁਪਤ ਟੀ ਬੀ ਰੋਗ-ਸੰਚਾਰ ਦਾ ਇਲਾਜ (LTBI)

## ਗੁਪਤ ਟੀ ਬੀ ਰੋਗ ਸੰਚਾਰ ਕੀ ਹੈ?

- ਜਿਨ੍ਹਾਂ ਲੋਕਾਂ ਨੂੰ ਗੁਪਤ ਟੀ ਬੀ ਰੋਗ-ਸੰਚਾਰ ਹੈ (LTBI) ਹੈ ਉਨ੍ਹਾਂ ਦੇ ਸਰੀਰ ਅੰਦਰ ਟੀ ਬੀ ਦੇ ਜੀਵਾਣੂ ਹੁੰਦੇ ਹਨ, ਪਰ ਉਹ ਬਿਮਾਰ ਨਹੀਂ ਹੁੰਦੇ ਕਿਉਂਕਿ ਜੀਵਾਣੂ ਸਰਗਰਮ ਨਹੀਂ ਹੁੰਦੇ।

- ਜਿਨ੍ਹਾਂ ਲੋਕਾਂ ਨੂੰ LTBI ਹੁੰਦੀ ਹੈ ਉਹ ਛੂਤ ਰਹਿਤ ਹੁੰਦੇ ਹਨ ਅਤੇ ਉਹ ਟੀ ਬੀ ਦਾ ਰੋਗ ਦੂਜਿਆਂ ਤੱਕ ਨਹੀਂ ਫ਼ੈਲਾ ਸਕਦੇ। ਟੀ ਬੀ ਦੇ ਜੀਵਾਣੂ ਹੁੰਦੇ ਜ਼ਿੰਦਾ ਹਨ ਪਰ ਸਰਗਰਮ ਨਹੀਂ ਹੁੰਦੇ। ਟੀ ਬੀ ਦੇ ਜੀਵਾਣੂ ਓਨੀ ਦੇਰ ਸਰਗਰਮ ਨਹੀਂ ਹੁੰਦੇ ਜਿੰਨੀ ਦੇਰ ਸਰੀਰ ਵਿੱਚ ਉਨ੍ਹਾਂ ਨਾਲ਼ ਲੜਨ ਦੀ ਸ਼ਕਤੀ ਹੁੰਦੀ ਹੈ।

- ਜੇ ਸਰੀਰ ਟੀ ਬੀ ਦੇ ਜੀਵਾਣੂਆਂ ਨਾਲ਼ ਲੜਨਾ ਬੰਦ ਕਰ ਦੇਵੇ, ਤਾਂ ਉਹ ਸਰਗਰਮ ਹੋ ਜਾਂਦੇ ਹਨ ਅਤੇ ਵਧਣਾ ਸ਼ੁਰੂ ਕਰ ਦਿੰਦੇ ਹਨ। ਜਿਨ੍ਹਾਂ ਨੂੰ LTBI ਹੋਵੇ ਉਨ੍ਹਾਂ 'ਚੋਂ ਕਿਸੇ ਨਾਲ਼ ਇਹ ਕਦੋਂ ਵੀ ਹੋ ਸਕਦਾ ਹੈ। ਜਦੋਂ ਜੀਵਾਣੂ ਵਧਣਾ ਅਤੇ ਫ਼ੈਲਣਾ ਸ਼ੁਰੂ ਕਰ ਦਿੰਦੇ ਹਨ ਤਾਂ ਉਸਨੂੰ ਸਰਗਰਮ ਟੀ ਬੀ ਬਿਮਾਰੀ ਆਖਦੇ ਹਨ। ਲੋਕ ਜਿਨ੍ਹਾਂ ਨੂੰ ਸਰਗਰਮ ਟੀ ਬੀ ਬਿਮਾਰੀ ਹੁੰਦੀ ਹੈ ਉਹ ਬਹੁਤ ਬਿਮਾਰ ਹੋ ਸਕਦੇ ਹਨ ਅਤੇ ਦੂਜਿਆਂ ਲੋਕਾਂ ਤਕ ਟੀ ਬੀ ਫ਼ੈਲਾਅ ਸਕਦੇ ਹਨ।

## LTBI ਦਾ ਇਲਾਜ ਕਿਉਂ ਕੀਤਾ ਜਾਂਦਾ ਹੈ ?

- ਅਕਸਰ,ਜਿਨ੍ਹਾਂ ਨੂੰ ਇਹ ਰੋਗ ਲੱਗ ਗਿਆ ਹੋਵੇ ਉਨ੍ਹਾਂ 'ਚੋਂ ਲਗਭਗ 5-10% ਲੋਕਾਂ ਨੂੰ ਆਪਣੇ ਜੀਵਨ ਵਿੱਚ ਕਦੇ ਨਾ ਕਦੇ ਸਰਗਰਮ ਟੀ ਬੀ ਬਿਮਾਰੀ ਹੋ ਜਾਂਦੀ ਹੈ। ਜਦੋਂ LTBI ਦਾ ਇਲਾਜ ਕੀਤਾ ਜਾਂਦਾ ਹੈ, ਤਾਂ ਸਰਗਰਮ ਟੀ ਬੀ ਦਾ ਖ਼ਤਰਾ ਬਹੁਤ ਘੱਟ ਹੁੰਦਾ ਹੈ।

- LTBI ਦਾ ਇਲਾਜ ਇੱਕ ਰੋਗਾਣੂ-ਨਾਸ਼ਕ ਦਵਾਈ ਨਾਲ਼ ਅਤੇ ਇੱਕ ਵਿਟਾਮਿਨ ਨਾਲ਼ ਕੀਤਾ ਜਾਂਦਾ ਹੈ ਜਿਹੜੇ ਕਿ 6-9 ਮਹੀਨਿਆਂ ਲਈ ਰੋਜ਼ਾਨਾ ਲਏ ਜਾਂਦੇ ਹਨ।

- **ਇਸ ਤੋਂ ਪਹਿਲਾਂ ਕਿ** ਟੀ ਬੀ ਦੇ ਜੀਵਾਣੂਆਂ ਨੂੰ ਸਰਗਰਮ ਹੋਣ ਦਾ ਮੌਕਾ ਮਿਲੇ ਅਤੇ ਲੋਕਾਂ ਨੂੰ ਬਿਮਾਰ ਕਰੇ, LTBI ਦੀ ਦਵਾ ਉਨ੍ਹਾਂ ਨੂੰ ਸਰੀਰ ਵਿੱਚੋਂ ਖ਼ਤਮ ਕਰ ਦਿੰਦੀ ਹੈ ।

## ਕੀ LTBI ਦੀ ਦਵਾ ਦਾ ਕੋਈ ਖਰਚਾ ਹੈ?

- LTBI ਦੀ ਦਵਾ ਸਥਾਨਕ ਜਨਤਕ ਸਿਹਤ ਇਕਾਈ ਵਲੋਂ ਜਾਂ ਸ਼ਾਰਲਟਨ (Charlton) ਟੀ ਬੀ ਕਲੀਨਿਕ ਵਲੋਂ ਮੁਫ਼ਤ ਦਿੱਤੀ ਜਾਂਦੀ ਹੈ।

## LTBI ਦਵਾ ਦੇ ਮਾੜੇ ਪ੍ਰਭਾਵ ਕਿਹੜੇ ਹਨ ?

- ਕੁਝ ਮਾੜੇ ਪ੍ਰਭਾਵ ਆਮ ਹਨ ਅਤੇ ਜਿੰਦਾਂ-ਜਿੰਦਾਂ ਸਰੀਰ ਦਵਾ ਦਾ ਆਦੀ ਹੋਈ ਜਾਂਦਾ ਹੈ ਓਦਾਂ-ਓਦਾਂ ਇਹ ਅਲੋਪ ਹੋਈ ਜਾਂਦੇ ਹਨ। ਇਹ ਹਨ:
  - ਚਮੜੀ ਰੋਗ (rash)
  - ਭੁੱਖ ਘੱਟ ਲੱਗਣੀ

- ਜੇ ਹੇਠਾਂ ਲਿਖਿਆਂ ਵਿੱਚੋਂ ਕੋਈ ਵੀ ਮਾੜਾ ਪ੍ਰਭਾਵ ਦਿਖਾਈ ਦੇਵੇ ਤਾਂ ਆਪਣੇ ਸਿਹਤ ਨਿਗਰਾਨ ਨੂੰ ਤੁਰੰਤ ਫੋਨ ਕਰੋ:
  - ਜੀਅ ਕੱਚਾ ਹੋਣਾ / ਉਲਟੀਆਂ ਆਉਣੀਆਂ
  - ਪੇਟ ਵਿੱਚ ਅਕੜਾਉ ਜਾਂ ਦਰਦ
  - ਉਂਗਲੀਆਂ ਜਾਂ ਪੈਰਾਂ ਦੇ ਪੰਜਿਆਂ ਵਿੱਚ ਸੂਈਆਂ ਚੁਭਣੀਆਂ
  - ਸਿਰ ਦਰਦ / ਚੱਕਰ ਆਉਣੇ
  - ਚਮੜੀ ਜਾਂ ਅੱਖਾਂ ਦਾ ਪੀਲ਼ਾਪਨ
  - ਬਹੁਤ ਗਾੜ੍ਹਾ (ਚਾਹ-ਰੰਗਾ) ਪਿਸ਼ਾਬ
  - 3 ਜਾਂ ਵੱਧ ਦਿਨ ਬੁਖ਼ਾਰ ਰਹਿਣਾ / ਕਾਂਬਾ ਲੱਗਣਾ
  - ਥਕੇਵਾਂ / ਬਹੁਤ ਥੱਕੇ ਮਹਿਸੂਸ ਕਰਨਾ
  - ਜੋੜਾਂ / ਮਾਸ-ਪੇਸ਼ੀਆਂ ਵਿੱਚ ਦਰਦ

- ਜਿਹੜੇ ਲੋਕ LTBI ਦੀ ਦਵਾ ਲੈਂਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਿਹਤ ਨਿਗਰਾਨ ਨੂੰ ਮਹੀਨੇ ਵਿੱਚ ਇੱਕ ਵਾਰ ਮਿਲਣ ਤਾਂ ਕਿ ਤਸੱਲੀ ਹੋ ਸਕੇ ਕਿ ਇਲਾਜ ਠੀਕ ਚੱਲ ਰਿਹਾ ਹੈ।

## ਜੇ ਮੈਂ ਦੂਸਰੀ ਜਗ੍ਹਾ ਰਹਿਣ ਲੱਗ ਪਵਾਂ ਤਾਂ ?

- ਜੇ ਤੁਸੀਂ ਦੂਜੇ ਸ਼ਹਿਰ ਰਹਿਣ ਜਾਵੋ ਤਾਂ, ਜਾਣ ਤੋਂ ਪਹਿਲਾਂ ਆਪਣੇ ਸਿਹਤ ਨਿਗਰਾਨ ਨੂੰ ਦੱਸੋ। ਉਹ ਤੁਹਾਡੀ ਮਦਦ ਕਰ ਸਕਦਾ ਹੈ ਤਾਂ ਕਿ ਤੁਹਾਡੇ ਜਾਣ ਤੋਂ ਬਾਦ ਵੀ ਤੁਹਾਨੂੰ ਦਵਾ ਮਿਲਦੀ ਰਹੇ।

## LTBI ਦਵਾ ਲੈਣ ਲਈ ਕੁਝ ਸੁਝਾਅ

- ਹਰ ਰੋਜ਼ ਆਪਣੀ ਦਵਾ ਨਿਸ਼ਚਤ ਸਮੇਂ 'ਤੇ ਲਵੋ; ਜਿਵੇਂ, ਸਵੇਰੇ ਜਾਗਣ ਤੋਂ ਤੁਰੰਤ ਬਾਦ ਜਾਂ ਰਾਤ ਨੂੰ ਸੌਣ ਤੋਂ ਪਹਿਲਾਂ
- ਆਪਣੇ ਸੈੱਲ-ਫੋਨ ਜਾਂ ਘੜੀ ਦੇ ਅਲਾਰਮ ਦਾ ਇਸਤੇਮਾਲ ਕਰੋ ਜਿਹੜਾ ਤੁਹਾਨੂੰ ਦਵਾ ਖਾਣ ਦਾ ਯਾਦ ਕਰਾਏ।
- ਹਫ਼ਤਾਵਾਰੀ ਗੋਲ਼ੀਆਂ ਦੀ ਡੱਬੀ ਵਰਤੋ ਅਤੇ ਆਪਣੇ ਕੈਲੰਡਰ 'ਤੇ ਜਿਸ ਦਿਨ ਤੁਸੀਂ ਦਵਾ ਖਾਧੀ ਹੈ ਨਿਸ਼ਾਨ ਲਾਉਂਦੇ ਰਹੋ।
- ਆਪਣੇ ਪਰਿਵਾਰ ਜਾਂ ਦੋਸਤ ਨੂੰ ਆਖੋ ਕਿ ਉਹ ਤੁਹਾਨੂੰ ਤੁਹਾਡੀ ਦਵਾ ਖਾਣ ਦਾ ਯਾਦ ਕਰਵਾਉਣ ਜਾਂ ਦਵਾ ਖਾਂਦਿਆਂ ਨੂੰ ਦੇਖਣ।

**ਜੇ ਟੀ ਬੀ ਜਾਂ LTBI ਦੇ ਇਲਾਜ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਸੇ ਸਿਹਤ ਨਿਗਰਾਨ ਨਾਲ਼ ਗੱਲ ਕਰੋ ਜਾਂ ਜਨਤਕ ਸਿਹਤ ਨਰਸ ਨੂੰ 905-546-2063 'ਤੇ ਫੋਨ ਕਰੋ**

Updated: January 2021
Punjabi / Treatment for Latent TB Infection (LTBI)

**City of Hamilton Public Health Services**
**Health Protection Division - Infectious Disease and Tuberculosis Control Program**
**110 King St. West, 2nd Floor, Hamilton ON, L8P 4S6**
**Phone: 905.546-2063 Fax: 905.546.4078**

Hamilton